## ਮੈਂ ਆਪਣਾ ਨਿੱਜੀ ਸਿਹਤ ਰਿਕਾਰਡ ਦੇਖਣ ਲਈ ਕਿਵੇਂ ਕਹਿਣਾ ਹੈ?

ਤੁਸੀਂ ਜਾਂ ਤੁਹਾਡੀ ਨੁਮਾਇੰਦਗੀ ਕਰਨ ਦੇ ਕਾਨੂੰਨੀ ਹੱਕ ਵਾਲਾ ਕੋਈ ਵਿਅਕਤੀ, ਉਸ ਥਾਂ ਦੇ ਹੈਲਥ ਰਿਕਾਰਡਜ਼ ਡਿਪਾਰਟਮੈਂਟ ਨੂੰ ਲਿਖ ਕੇ ਤੁਹਾਡਾ ਸਿਹਤ ਰਿਕਾਰਡ ਦੇਖਣ, ਜਾਂ ਇਸ ਦੀ ਕਾਪੀ ਲੈਣ ਦੀ ਮੰਗ ਕਰ ਸਕਦਾ ਹੈ, ਜਿੱਥੇ ਵੀ ਸੀ ਐੱਚ ਵਿਚ ਤੁਹਾਡਾ ਇਲਾਜ ਹੋਇਆ ਹੈ। ਉਹ ਤੁਹਾਡੀ ਉਹ ਰਿਕਾਰਡ ਲੈਣ ਵਿਚ ਮਦਦ ਕਰਨਗੇ ਜਿਹੜਾ ਤੁਸੀਂ ਦੇਖਣਾ ਚਾਹੁੰਦੇ ਹੋ ਅਤੇ ਲੈਣ ਦੇ ਹੱਕਦਾਰ ਹੋ।

## ਆਪਣੇ ਹੈਲਥ ਰਿਕਾਰਡ ਦੀ ਕਾਪੀ ਲੈਣ ਲਈ ਕਿੰਨਾ ਸਮਾਂ ਲੱਗੇਗਾ?

ਵੀ ਸੀ ਐੱਚ ਸਾਰੀਆਂ ਬੇਨਤੀਆਂ ’ਤੇ ਛੇਤੀ ਤੋਂ ਛੇਤੀ ਕਾਰਵਾਈ ਕਰਦਾ ਹੈ। ਪਰ, ਫੀਪਾ ਸਾਨੂੰ ਤੁਹਾਡੇ ਰਿਕਾਰਡ ਤੁਹਾਨੂੰ ਦੇਣ ਲਈ ਤੁਹਾਡੀ ਲਿਖਤੀ ਬੇਨਤੀ ਮਿਲਣ ਤੋਂ ਬਾਅਦ 30 ਕਾਰੋਬਾਰੀ ਦਿਨਾਂ ਤੱਕ ਦੀ ਆਗਿਆ ਦਿੰਦਾ ਹੈ।

## ਆਪਣੇ ਸਿਹਤ ਰਿਕਾਰਡ ਵਿਚਲੀ ਜਾਣਕਾਰੀ ਨੂੰ ਠੀਕ ਕਰਨ ਲਈ ਮੈਂ ਕਿਵੇਂ ਕਹਿ ਸਕਦਾ/ ਸਕਦੀ ਹਾਂ?

ਜੇ ਤੁਸੀਂ ਇਹ ਯਕੀਨ ਕਰੋ ਕਿ ਤੁਹਾਡੇ ਸਿਹਤ ਰਿਕਾਰਡ ਵਿਚ ਗਲਤ ਜਾਣਕਾਰੀ ਹੈ ਤਾਂ ਤੁਸੀਂ ਉਸ ਥਾਂ ਦੇ ਹੈਲਥ ਰਿਕਾਰਡਜ਼ ਡਿਪਾਰਟਮੈਂਟ ਨੂੰ ਲਿਖ ਸਕਦੇ ਹੋ ਜਿੱਥੇ ਵੀ ਸੀ ਐੱਚ ਵਿਚ ਤੁਹਾਡਾ ਇਲਾਜ ਹੋਇਆ ਹੈ। ਤੁਹਾਡੇ ਸਰੋਕਾਰਾਂ ਦਾ ਹੱਲ ਕਰਨ ਲਈ ਉਹ ਤੁਹਾਡੇ ਨਾਲ ਰਲ ਕੇ ਕੰਮ ਕਰਨਗੇ।

## ਕੀ ਮੈਨੂੰ ਆਪਣੇ ਸਿਹਤ ਰਿਕਾਰਡ ਦੀ ਕਾਪੀ ਲੈਣ ਲਈ ਪੈਸੇ ਦੇਣੇ ਪੈਣਗੇ?

ਆਮ ਤੌਰ ’ਤੇ ਤੁਹਾਨੂੰ ਆਪਣੇ ਸਿਹਤ ਰਿਕਾਰਡ ਦੀ ਕਾਪੀ ਲੈਣ ਲਈ ਪੈਸੇ ਦੇਣ ਦੀ ਲੋੜ ਨਹੀਂ ਹੁੰਦੀ। ਪਰ, ਉਦਾਹਰਣ ਵਜੋਂ, ਜੇ ਤੁਸੀਂ ਇੱਕੋ ਜਾਣਕਾਰੀ ਦੀਆਂ ਇਕ ਨਾਲੋਂ ਜ਼ਿਆਦਾ ਕਾਪੀਆਂ ਮੰਗੋ, ਜੇ ਕੋਰੀਅਰ ਦੀਆਂ ਫੀਸਾਂ ਹੋਣ, ਜਾਂ ਜੇ ਹੋਰ ਖਾਸ ਸੇਵਾਵਾਂ ਦੀ ਲੋੜ ਹੋਵੇ ਤਾਂ ਕੋਈ ਫੀਸ ਲਾਗੂ ਹੋ ਸਕਦੀ ਹੈ।

## ਮੈਂ ਆਪਣੀ ਲਿਖਤੀ ਬੇਨਤੀ ਕਿੱਥੇ ਭੇਜਣੀ ਹੈ?

ਕਿਰਪਾ ਕਰਕੇ ਉਸ ਸਥਾਨ ਨੂੰ ਫੋਨ ਕਰੋ ਜਿੱਥੇ ਤੁਹਾਡਾ ਇਲਾਜ ਹੋਇਆ ਹੈ ਅਤੇ ਉਨ੍ਹਾਂ ਤੋਂ ਉਨ੍ਹਾਂ ਦਾ ਚਿੱਠੀ ਪੱਤਰ ਲਈ ਐਡਰੈਸ ਮੰਗੋ। ਥਾਂਵਾਂ ਦੀ ਲਿਸਟ ਅੱਗੇ ਦਿੱਤੀ ਗਈ ਹੈ।

## ਵੀ ਸੀ ਐੱਚ ਦੇ ਸਿਹਤ ਰਿਕਾਰਡਾਂ ਵਾਲੇ ਸਥਾਨ

| | |
|---|---|
| ਕੋਸਟਲ ਕਮਿਊਨਟੀ (ਸੀਅ ਟੂ ਸਕਾਈ/ਕੋਸਟ ਗੈਰੀਬਾਲਡੀ) | 604-886-5611 |
| ਜੌਰਜ ਪੀਅਰਸਨ, ਜੀ ਐੱਫ ਸਟਰੌਂਗ | 604-714-4158 |
| ਲਾਇਨਜ਼ ਗੇਟ ਹਸਪਤਾਲ | 604-984-5911 |
| ਨੌਰਥ ਸ਼ੋਅਰ ਕਮਿਊਨਟੀ | 604-984-5911 |
| ਪੌਵਲ ਰਿਵਰ ਜਨਰਲ ਹਸਪਤਾਲ | 604-485-3211 (4312) |
| ਰਿਚਮੰਡ ਹਸਪਤਾਲ/ਕਮਿਊਨਟੀ | 604-244-5108 |
| ਸੁਕਾਮਿਸ਼ ਜਨਰਲ ਹਸਪਤਾਲ | 604-892-6028 |
| ਸੀਛੈਲਟ ਹਸਪਤਾਲ | 604-885-2224 (4210) |
| ਯੂ ਬੀ ਸੀ ਹਸਪਤਾਲ | 604-822-7248 |
| ਵੈਨਕੂਵਰ ਕਮਿਊਨਟੀ | 604-708-5264 |
| ਵੈਨਕੂਵਰ ਜਨਰਲ ਹਸਪਤਾਲ | 604-875-4111 (63234) |

### *ਆਪਣੀ ਨਿੱਜੀ ਜਾਣਕਾਰੀ ਇਕੱਤਰ ਕਰਨ, ਵਰਤਣ, ਅਗਾਂਹ ਦੱਸਣ ਜਾਂ ਇਸ ਦੀ ਸੁਰੱਖਿਆ ਬਾਰੇ ਜੇ ਮੇਰੇ ਮਨ ਵਿਚ ਹੋਰ ਸਵਾਲ ਹੋਣ ਤਾਂ ਮੈਂ ਕਿਸ ਤੋਂ ਪੁੱਛਾਂ?*

**ਵੀ ਸੀ ਐੱਚ ਇਨਫਰਮੇਸ਼ਨ ਪ੍ਰਾਈਵੇਸੀ ਆਫਿਸ**
**VCH Information Privacy Office**
ਟੈਲੀਫੋਨ: 604-875-5568
ਈਮੇਲ: privacy@vch.ca

### *ਜੇ ਮੇਰੇ ਮਨ ਵਿਚ ਜਾਣਕਾਰੀ ਲਈ ਆਪਣੀ ਬੇਨਤੀ ’ਤੇ ਕਾਰਵਾਈ ਕਰਨ ਬਾਰੇ ਸਰੋਕਾਰ ਹੋਣ ਤਾਂ ਮੈਂ ਕੀ ਕਰਾਂ?*

**ਆਫਿਸ ਆਫ ਦਾ ਇਨਫਰਮੇਸ਼ਨ ਐਂਡ ਪ੍ਰਾਈਵੇਸੀ ਕਮਿਸ਼ਨਰ**
**Office of the Information & Privacy Commissioner**
PO Box 9038, Stn. Prov. Govt.,
Victoria, BC. V8W 9A4;
ਟੈਲੀਫੋਨ: 250-387-5629
ਈਮੇਲ: info@oipc.bc.ca
ਵੈੱਬਸਾਈਟ: www.oipc.bc.ca

For more copies, go online at **http://vch.eduhealth.ca** or email **phem@vch.ca** and quote Catalogue No. **IA.202.P939.PU**
© Vancouver Coastal Health, December 2015

www.vch.ca

Vancouver Coastal Health

Punjabi

# ਤੁਹਾਡੀ ਨਿੱਜੀ ਜਾਣਕਾਰੀ ਦੀ ਸੰਭਾਲ ਕਰਨਾ

# Caring for Your Personal Information



ਸਾਡੇ ਮਰੀਜ਼ਾਂ/ਗਾਹਕਾਂ ਅਤੇ ਵਸਨੀਕਾਂ ਨੂੰ ਸੂਚਨਾ

British Columbia
The Best Place on Earth

*Promoting wellness. Ensuring care.*

## ਵੈਨਕੂਵਰ ਕੋਸਟਲ ਹੈਲਥ ਅਥਾਰਟੀ ਵਿਚ ਤੁਹਾਡਾ ਸੁਆਗਤ ਹੈ

ਜਦੋਂ ਤੁਸੀਂ ਵੈਨਕੂਵਰ ਕੋਸਟਲ ਹੈਲਥ ਅਥਾਰਟੀ (ਵੀ ਸੀ ਐੱਚ) ਦੇ ਕਿਸੇ ਵੀ ਪ੍ਰੋਗਰਾਮ ਜਾਂ ਸੇਵਾਵਾਂ ਤੋਂ ਸੰਭਾਲ ਲੈਂਦੇ ਹੋ ਤਾਂ ਨਰਸਾਂ, ਡਾਕਟਰਾਂ, ਅਤੇ ਸਿਹਤ ਮਾਹਰਾਂ ਦੀ ਟੀਮ ਦੇ ਹੋਰ ਮੈਂਬਰਾਂ ਵਲੋਂ ਤੁਹਾਡੇ ਤੋਂ ਨਿੱਜੀ ਜਾਣਕਾਰੀ ਇਕੱਤਰ ਕੀਤੇ ਜਾਣ ਦੀ ਲੋੜ ਹੁੰਦੀ ਹੈ। ਅਸੀਂ ਇਹ ਜਾਣਕਾਰੀ ਇਕੱਤਰ ਕਰਦੇ ਹਾਂ, ਵਰਤਦੇ ਹਾਂ ਅਤੇ ਜਦੋਂ ਕਾਨੂੰਨ ਮੰਗ ਕਰਦਾ ਹੋਵੇ ਜਾਂ ਆਗਿਆ ਦਿੰਦਾ ਹੋਵੇ ਤਾਂ ਇਹ ਜਾਣਕਾਰੀ ਸਾਂਝੀ ਕਰਦੇ ਹਾਂ; ਉਦਾਹਰਣ ਲਈ, ਬ੍ਰਿਟਿਸ਼ ਕੋਲੰਬੀਆ ਦੇ ਹੌਸਪੀਟਲ ਐਕਟ, ਹੌਸਪੀਟਲ ਇਨਸ਼ੋਰੈਂਸ ਐਕਟ, ਅਤੇ ਫ੍ਰੀਡਮ ਆਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ (ਫੀਪਾ) ਦੇ ਅਨੁਸਾਰ।

ਕਦੇ ਕਦੇ ਤੁਹਾਡਾ ਪਰਿਵਾਰ, ਦੋਸਤ, ਜਾਂ ਤੁਹਾਡੀ ਨੁਮਾਇੰਦਗੀ ਕਰਨ ਦਾ ਕਾਨੂੰਨੀ ਹੱਕ ਰੱਖਣ ਵਾਲਾ ਕੋਈ ਵਿਅਕਤੀ ਵੀ ਸਾਨੂੰ ਤੁਹਾਡੇ ਬਾਰੇ ਨਿੱਜੀ ਜਾਣਕਾਰੀ ਦੇ ਸਕਦੇ ਹਨ। ਸਾਨੂੰ ਹੋਰ ਵਸੀਲਿਆਂ ਤੋਂ ਵੀ ਨਿੱਜੀ ਜਾਣਕਾਰੀ ਲੈਣ ਦੀ ਲੋੜ ਪੈ ਸਕਦੀ ਹੈ, ਜਿਵੇਂ ਕਿ ਹੋਰ ਹਸਪਤਾਲਾਂ ਤੋਂ ਜਾਂ ਤੁਹਾਡੇ ਫੈਮਿਲੀ ਡਾਕਟਰ ਤੋਂ ਤੁਹਾਡੀ ਸਿਹਤ ਦੇ ਪਿਛਲੇ ਰਿਕਾਰਡਾਂ ਦੀਆਂ ਕਾਪੀਆਂ, ਜਾਂ ਅਸੀਂ ਤੁਹਾਡੀ ਪਛਾਣ ਅਤੇ ਨਿੱਜੀ ਸਿਹਤ ਨੰਬਰ (ਪੀ ਐੱਚ ਐੱਨ) ਦੀ ਮਨਿਸਟਰੀ ਆਫ ਹੈਲਥ ਤੋਂ ਤਸਦੀਕ ਕਰ ਸਕਦੇ ਹਾਂ।

## ਵੈਨਕੂਵਰ ਕੋਸਟਲ ਹੈਲਥ ਤੁਹਾਡੀ ਨਿੱਜੀ ਜਾਕਣਾਰੀ ਦੀ ਰੱਖਿਆ ਕਰਨ ਲਈ ਨੈਤਿਕ ਤੌਰ 'ਤੇ ਵਚਨਬੱਧ ਹੈ ਅਤੇ ਕਾਨੂੰਨੀ ਤੌਰ 'ਤੇ ਪਾਬੰਦ ਹੈ।

ਆਪਣੀ ਨਿੱਜੀ ਜਾਣਕਾਰੀ ਦੇ ਸਬੰਧ ਵਿਚ ਸਾਡੇ 'ਤੇ ਭਰੋਸਾ ਕਰਨ ਲਈ ਤੁਹਾਡਾ ਧੰਨਵਾਦ। ਤੁਹਾਡੀ ਪ੍ਰਾਈਵੇਸੀ ਦੀ ਰੱਖਿਆ ਕਰਨ ਲਈ ਅਸੀਂ ਵਚਨਬੱਧ ਹਾਂ ਅਤੇ ਫੀਪਾ ਵਲੋਂ ਕਾਨੂੰਨੀ ਤੌਰ 'ਤੇ ਪਾਬੰਦ ਹਾਂ। ਅਸੀਂ ਤੁਹਾਡੀ ਜਾਣਕਾਰੀ ਉਨ੍ਹਾਂ ਮੰਤਵਾਂ ਲਈ ਹੀ ਵਰਤਦੇ ਅਤੇ ਸਾਂਝੀ ਕਰਦੇ ਹਾਂ ਜਿਸ ਦਾ ਸਾਨੂੰ ਅਧਿਕਾਰ ਹੈ ਅਤੇ ਇਸ ਦੀ ਰੱਖਿਆ ਲਈ ਸਾਨੂੰ ਇਹ ਸੁਰੱਖਿਅਤ ਥਾਂ 'ਤੇ ਰੱਖਣੀ ਜ਼ਰੂਰੀ ਹੈ। ਸਾਡਾ ਸਟਾਫ ਇਸ ਚੀਜ਼ ਬਾਰੇ ਟਰੇਂਡ ਹੈ ਕਿ ਤੁਹਾਡੀ ਪ੍ਰਾਈਵੇਸੀ ਦੀ ਰੱਖਿਆ ਕਿਵੇਂ ਕਰਨੀ ਹੈ ਅਤੇ ਹਰ ਵੇਲੇ ਤੁਹਾਡੀ ਨਿੱਜੀ ਜਾਣਕਾਰੀ ਗੁਪਤ ਕਿਵੇਂ ਰੱਖਣੀ ਹੈ।

## "ਨਿੱਜੀ ਜਾਣਕਾਰੀ" ਕੀ ਹੈ?

ਨਿੱਜੀ ਜਾਣਕਾਰੀ ਕੋਈ ਵੀ ਉਹ ਜਾਣਕਾਰੀ ਹੈ ਜਿਹੜੀ ਸਾਨੂੰ ਇਹ ਦੱਸਦੀ ਹੈ ਕਿ ਤੁਸੀਂ ਕੌਣ ਹੋ, ਸਮੇਤ ਤੁਹਾਡੇ ਨਾਂ, ਐਡਰੈਸ, ਫੋਨ ਨੰਬਰ, ਪੀ ਐੱਚ ਐੱਨ, ਪਛਾਣ ਕਰਵਾਉਣ ਵਾਲੇ ਹੋਰ ਨੰਬਰਾਂ ਅਤੇ ਇਕੱਠੇ ਕੀਤੇ ਗਏ ਕੋਈ ਵੀ ਹੋਰ ਵੇਰਵਿਆਂ ਦੇ ਜਿਵੇਂ ਤੁਹਾਡੀ ਸਿਹਤ ਬਾਰੇ ਜਾਣਕਾਰੀ।

## ਮੇਰੀ ਨਿੱਜੀ ਜਾਣਕਾਰੀ ਕੌਣ ਦੇਖ ਸਕਦਾ ਹੈ, ਵਰਤ ਸਕਦਾ ਹੈ, ਅਤੇ ਸਾਂਝੀ ਕਰ ਸਕਦਾ ਹੈ?

ਕਿਸੇ ਵੀ ਉਸ ਵਿਅਕਤੀ ਨੂੰ ਤੁਹਾਡੀ ਨਿੱਜੀ ਜਾਣਕਾਰੀ ਦੇਖਣ ਦੀ ਆਗਿਆ ਹੁੰਦੀ ਹੈ, ਜਿਸ ਨੂੰ ਤੁਹਾਡੀ ਸੰਭਾਲ ਕਰਨ ਅਤੇ ਸੰਭਾਲ ਨਾਲ ਸੰਬੰਧਿਤ ਹੋਰ ਸੇਵਾਵਾਂ ਦੇਣ ਲਈ ਤੁਹਾਡੀ ਜਾਣਕਾਰੀ "ਜਾਣਨ ਦੀ ਲੋੜ" ਹੁੰਦੀ ਹੈ। ਉਹ ਇਹ ਜਾਣਕਾਰੀ ਸਿਰਫ ਅੱਗੇ ਲਿਖੇ ਕਾਰਨਾਂ ਲਈ ਹੀ ਵਰਤ ਅਤੇ ਸਾਂਝੀ ਕਰ ਸਕਦੇ ਹਨ:

- ਤੁਹਾਡੇ ਚੱਲ ਰਹੇ ਮੈਡੀਕਲ ਇਲਾਜ ਅਤੇ ਸੇਵਾਵਾਂ ਦੇਣ ਵਿਚ ਮਦਦ ਕਰਨ ਲਈ
- ਜਦੋਂ ਵੀ ਢੁਕਵਾਂ ਹੋਵੇ ਤੁਹਾਡੇ ਮੈਡੀਕਲ ਇਲਾਜ ਬਾਰੇ ਤੁਹਾਡੇ ਨਾਲ ਜਾਂ ਤੁਹਾਡੇ ਪਰਿਵਾਰ ਨਾਲ ਸੰਪਰਕ ਕਰਨ ਲਈ
- ਤੁਹਾਡੇ ਇਲਾਜ ਅਤੇ ਸੇਵਾਵਾਂ ਦੀ ਕੁਆਲਟੀ ਸੁਧਾਰਨ ਵਿਚ ਸਾਡੀ ਮਦਦ ਲਈ
- ਖੋਜ ਲਈ (ਜਦੋਂ ਆਗਿਆ ਦਿੱਤੀ ਗਈ ਹੋਵੇ)
- ਪੜ੍ਹਾਈ ਅਤੇ ਵਿਦਿਆ ਲਈ (ਉਦਾਹਰਣ ਲਈ ਡਾਕਟਰਾਂ ਅਤੇ ਨਰਸਾਂ ਦੀ)
- ਇਹ ਦੇਖਣ ਲਈ ਕਿ ਕੀ ਤੁਸੀਂ ਵੱਖੋ ਵੱਖਰੇ ਫਾਇਦਿਆਂ ਜਾਂ ਸੇਵਾਵਾਂ ਲਈ ਯੋਗ ਹੋ ਜਾਂ ਨਹੀਂ ਅਤੇ ਪੇਮੈਂਟ ਦਾ ਪ੍ਰਬੰਧ ਕਰਨ ਲਈ।

ਤੁਹਾਡੀ ਨਿੱਜੀ ਜਾਣਕਾਰੀ ਤੁਹਾਡੀ ਸਹਿਮਤੀ ਨਾਲ ਹੋਰ ਲੋਕਾਂ ਨੂੰ ਵੀ ਦਿੱਤੀ ਜਾ ਸਕਦੀ ਹੈ। ਪਰ, ਕੁਝ ਹਾਲਤਾਂ ਵਿਚ ਸਾਨੂੰ ਇਹ ਤੁਹਾਡੀ ਸਹਿਮਤੀ ਤੋਂ ਬਿਨਾਂ ਦੇਣੀ ਪੈਂਦੀ ਹੈ। ਇਨ੍ਹਾਂ ਵਿਚ ਸ਼ਾਮਲ ਹਨ;

- ਅਦਾਲਤ ਦੇ ਆਰਡਰ ਜਾਂ ਸਫੀਨੀਆ ਦਾ ਜਵਾਬ ਦੇਣ ਲਈ
- ਕਿਸੇ ਹੋਰ ਸਰਕਾਰੀ ਸੰਸਥਾ ਵਲੋਂ ਇਨਸ਼ੋਰੈਂਸ ਦੀ ਪੜਤਾਲ ਦੇ ਹੁਕਮ ਨੂੰ ਮੰਨਣ ਲਈ ਜਿਵੇਂ ਕਿ ਵਰਕਸੇਫਟ ਬੀ ਸੀ
- ਕਿਸੇ ਅਜਿਹੀ ਸ਼ੱਕ ਦੀ ਰਿਪੋਰਟ ਕਰਨ ਲਈ ਜਾਂ ਸ਼ੱਕ ਦੀ ਪੜਤਾਲ ਲਈ ਜਾਣਕਾਰੀ ਪ੍ਰਦਾਨ ਕਰਨ ਲਈ ਕਿ ਕਿਸੇ ਬੱਚੇ ਜਾਂ ਬਜ਼ੁਰਗ ਨਾਲ ਬੁਰਾ ਵਰਤਾਉ ਹੋ ਰਿਹਾ ਹੈ ਜਾਂ ਉਸ ਪ੍ਰਤੀ ਅਣਗਹਿਲੀ ਵਰਤੀ ਜਾ ਰਹੀ ਹੈ
- ਆਪਣੇ ਆਪ ਨੂੰ ਜਾਂ ਕਿਸੇ ਹੋਰ ਵਿਅਕਤੀ ਨੂੰ ਨੁਕਸਾਨ ਪਹੁੰਚਾਉਣ ਦੇ ਇਰਾਦੇ ਦੀ ਰਿਪੋਰਟ ਕਰਨ ਲਈ

## ਜਦੋਂ ਤੁਸੀਂ ਹਸਪਤਾਲ ਵਿਚ ਦਾਖਲ ਹੁੰਦੇ ਹੋ

ਜਦੋਂ ਵੀ ਢੁਕਵਾਂ ਹੋਵੇ ਅਸੀਂ ਉਨ੍ਹਾਂ ਲੋਕਾਂ ਨੂੰ ਤੁਹਾਡੇ ਦਾਖਲੇ ਅਤੇ ਤੁਹਾਡੇ ਸਥਾਨ ਬਾਰੇ ਦੱਸ ਸਕਦੇ ਹਾਂ ਜਿਹੜੇ ਫੋਨ ਕਰਦੇ ਹਨ ਅਤੇ ਤੁਹਾਡੇ ਬਾਰੇ ਪੁੱਛਦੇ ਹਨ। ਜੇ ਤੁਸੀਂ ਨਹੀਂ ਚਾਹੁੰਦੇ ਕਿ ਅਸੀਂ ਅਜਿਹਾ ਕਰੀਏ ਤਾਂ ਕਿਰਪਾ ਕਰਕੇ ਦਾਖਲ ਕੀਤੇ ਜਾਣ ਵੇਲੇ ਸਾਨੂੰ ਇਸ ਬਾਰੇ ਦੱਸੋ ਜਾਂ ਆਪਣਾ ਇਲਾਜ ਕਰਨ ਵਾਲੇ ਨੂੰ ਦੱਸੋ ਜੋ ਕਿ ਇਸ ਵੇਲੇ ਤੁਹਾਡਾ ਇਲਾਜ ਕਰ ਰਿਹਾ ਹੈ।



## ਤੁਹਾਡਾ ਨਿੱਜੀ ਸਿਹਤ ਰਿਕਾਰਡ

ਹਰ ਵੇਲੇ ਜਦੋਂ ਸਾਡੀ ਹੈਲਥਕੇਅਰ ਟੀਮ ਦੇ ਕਿਸੇ ਮੈਂਬਰ ਵਲੋਂ ਤੁਹਾਡਾ ਇਲਾਜ ਹੁੰਦਾ ਹੈ, ਤੁਹਾਡੇ ਨਾਲ ਉਸ ਸੰਪਰਕ ਦੀ ਜਾਣਕਾਰੀ ਤੁਹਾਡੇ ਸਿਹਤ ਰਿਕਾਰਡ ਵਿਚ ਰਿਕਾਰਡ ਕੀਤੀ ਜਾਂਦੀ ਹੈ। ਉਦਾਹਰਣ ਲਈ, ਜੇ ਤੁਸੀਂ ਐਮਰਜੰਸੀ ਡਿਪਾਰਟਮੈਂਟ, ਹਸਪਤਾਲ ਦੇ ਕਿਸੇ ਯੂਨਿਟ ਜਾਂ ਰੈਜ਼ੀਡੈਂਸ਼ਲ ਕੇਅਰ ਸਥਾਨ ਵਿਚ ਮਰੀਜ਼ ਹੋ ਜਾਂ ਇਲਾਜਾਂ ਲਈ ਘਰ ਵਿਚ ਸੰਭਾਲ ਹੁੰਦੀ ਹੈ ਜਾਂ ਪਬਲਿਕ ਹੈਲਥ ਕੋਲ ਜਾਂਦੇ ਹੋ। ਇਸ ਵਿਚ ਨਿੱਜੀ ਜਾਣਕਾਰੀ ਦਰਜ ਹੋ ਸਕਦੀ ਹੈ ਅਤੇ ਤੁਹਾਡੇ ਲੱਛਣ, ਜਾਂਚ ਅਤੇ ਟੈੱਸਟ ਦੇ ਨਤੀਜੇ, ਰੋਗ ਦੀ ਪਛਾਣ, ਇਲਾਜ, ਇਲਾਜ ਦੇ ਨਤੀਜੇ ਅਤੇ ਭਵਿੱਖ ਦੀ ਸੰਭਾਲ ਜਾਂ ਇਲਾਜ ਦੀਆਂ ਵਿਉਂਤਾਂ ਦੱਸਣ ਵਾਲੀਆਂ ਰਿਪੋਰਟਾਂ ਸ਼ਾਮਲ ਹੋ ਸਕਦੀਆਂ ਹਨ। ਸਿਹਤ ਰਿਕਾਰਡ ਪੇਪਰਾਂ ਵਿਚ ਹੋ ਸਕਦਾ ਹੈ, ਕੰਪਿਊਟਰ 'ਤੇ (ਇਲੈਕਟ੍ਰੌਨਿਕ) ਹੋ ਸਕਦਾ ਹੈ ਜਾਂ ਦੋਨਾਂ ਦਾ ਸੁਮੇਲ ਹੋ ਸਕਦਾ ਹੈ।

## ਸਿਹਤ ਰਿਕਾਰਡ ਦਾ ਮਾਲਕ ਕੌਣ ਹੈ ਅਤੇ ਇਸ ਨੂੰ ਕੌਣ ਕੰਟਰੋਲ ਕਰਦਾ ਹੈ?

ਭਾਵੇਂ ਕਿ ਰਿਕਾਰਡ ਵੀ ਸੀ ਐੱਚ ਦੀ ਪ੍ਰਾਪਰਟੀ ਹੈ, ਪਰ ਇਸ ਵਿਚ ਮਰੀਜ਼ ਜਾਂ ਗਾਹਕ ਵਜੋਂ ਤੁਹਾਡੇ ਬਾਰੇ ਜਾਣਕਾਰੀ ਹੈ। ਬੇਨਤੀ ਕਰਨ 'ਤੇ ਤੁਹਾਨੂੰ ਆਪਣੀ ਨਿੱਜੀ ਜਾਣਕਾਰੀ ਦੇਖਣ ਦਾ ਹੱਕ ਹੈ। ਕੁਝ ਹਾਲਤਾਂ ਵਿਚ, ਤੁਸੀਂ ਆਪਣੇ ਇਲਾਜ ਦੇ ਕੰਪਿਊਟਰ ਉਪਰਲੇ ਰਿਕਾਰਡ ਦੀ ਜ਼ਿਆਦਾ ਸਕਿਉਰਟੀ ਰੱਖਣ ਲਈ ਕਹਿ ਸਕਦੇ ਹੋ। ਜੇ ਤੁਹਾਡੇ ਮਨ ਵਿਚ ਸਵਾਲ ਹੋਣ ਤਾਂ ਤੁਸੀਂ ਆਪਣੇ ਡਾਕਟਰ ਨਾਲ ਗੱਲ ਕਰ ਸਕਦੇ ਹੋ ਜਾਂ ਹੇਠਾਂ ਦਿੱਤੇ ਨੰਬਰ 'ਤੇ ਇਨਫਰਮੇਸ਼ਨ ਪ੍ਰਾਈਵੇਸੀ ਆਫਿਸ ਨਾਲ ਗੱਲ ਕਰ ਸਕਦੇ ਹੋ।